# ਰਿਆਸਤੀ ਪੰਜਾਬੀ ਕਵਿਤਾ ਦਾ ਆਰੰਭ ਤੇ ਵਿਕਾਸ

1947 ਈ. ਮਗਰੋਂ ਜੰਮੂ ਕਸ਼ਮੀਰ ਵਿੱਚ ਭਾਵੇਂ ਹੋਰ ਸਾਹਿਤ ਰੂਪ ਜਿਵੇਂ ਨਾਵਲ, ਕਹਾਣੀ, ਨਾਟਕ, ਨਿਰੋਲ ਵਾਰਤਕ, ਖੋਜ ਪੜਚੋਲ ਅਤੇ ਸਾਹਿਤ ਦਾ ਇਤਿਹਾਸ ਆਦਿ ਜ਼ਿਆਦਾ ਵਿਕਸਿਤ ਹੋਏ ਹਨ ਜਾਂ ਇੰਝ ਕਹਿ ਲਈਏ ਪਹਿਲੀ ਵਾਰ ਰਚੇ ਜਾਣ ਲਗੇ। ਪਰ ਫਿਰ ਵੀ ਕਵਿਤਾ ਵਧੇਰੀ ਗਿਣਤੀ ਵਿੱਚ ਲਿਖੀ ਗਈ ਹੈ, ਕਾਰਣ ਕਾਵਿ ਦੇ ਨਿਰਮਾਣ ਵਿੱਚ ਕਵੀ ਦੇ ਸੁਭਾਅ, ਸੰਸਕਾਰ ਅਤੇ ਸਮੇਂ ਸਥਾਨ ਦੀਆਂ ਪ੍ਰਸੱਥਿਤੀਆਂ ਦਾ ਮੱਹਤਵਪੂਰਨ ਹੱਥ ਹੁੰਦਾ ਹੈ ਅਤੇ ਸ਼ਾਇਦ ਇਸੇ ਕਰਕੇ ਪ੍ਰਤਿਭਾਵਾਨ ਵਿਅਕਤੀ ਕਾਵਿ ਰਚਨਾ ਨੂੰ ਪਹਿਲ ਦਿੰਦੇ ਆਏ ਹਨ। ਕਾਵਿ ਸਾਹਿਤ ਦੀ ਆਪਣੀ ਮਹੱਤਤਾ ਹੈ ਅਤੇ ਰਿਆਸਤ ਜੰਮੂ ਕਸ਼ਮੀਰ ਵਿੱਚ ਚਾਰ ਸੌ ਤੋਂ ਵਧੀਕ ਵਰ੍ਹਿਆਂ ਤੋਂ ਚਲੀ ਆ ਰਹੀ ਲੰਮੀ ਅਤੇ ਗੌਰਵਸ਼ਾਲੀ ਪ੍ਰੰਪਰਾ ਰਹੀ ਹੈ। ਪ੍ਰੰਤੂ 1947 ਮਗਰੋਂ ਦੇ ਹਲੂਣੇ ਅਤੇ ਨਵੇਂ ਸੋਚ-ਅੰਦਾਜ ਕਾਰਣ ਸਾਹਿਤ ਤੇ ਪ੍ਰਭਾਵ ਪੈਣਾ ਆਵਸ਼ਕ ਸੀ ਜੋ ਵੰਡ ਮਗਰੋਂ ਦੀ ਰਚੀ ਗਈ ਕਵਿਤਾ ਤੋਂ ਪ੍ਰੱਤਖ ਦਿਸ ਪੈਂਦਾ ਹੈ। ਰਿਆਸਤੀ ਪੰਜਾਬੀ ਕਵਿਤਾ ਭਾਵੇਂ ਆਪਣੇ ਗੁਆਂਢੀ ਪ੍ਰਦੇਸ਼ ਪੰਜਾਬ ਦੀ ਵਿਰਾਸਤ ਤੋਂ ਪ੍ਰਭਾਵਿਤ ਰਹੀ ਹੈ, ਪਰ ਉਸਦੇ ਬਾਵਜੂਦ ਇਸਦਾ ਅਪਣਾ ਵੱਖਰਾ ਜਿਹਾ ਤੇ ਮੌਲਿਕ ਰੰਗ ਹੈ।

ਪਿਛਲੇ ਚਾਰ ਸੌ ਵਰ੍ਹਿਆਂ ਵਿਚ ਭਗਤੀ, ਸੂਫੀ ਅਤੇ ਗੁਰਮਤਿ ਰੰਗ ਦੀ ਅਧਿਆਤਮਕ ਕਵਿਤਾ ਦੀ ਪ੍ਰੰਪਰਾ ਤੇ ਆਧੁਨਿਕ ਕਵਿਤਾ ਦੇ ਜਨਮ ਅਤੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਕੋਈ ਵੀ ਇਨਕਲਾਬ ਕਿੰਨਾ ਹੀ ਜੁਗ ਪਲਟਾਉ ਕਿਉਂ ਨ ਹੋਵੇ ਉਹ ਇਕ ਦਮ ਪ੍ਰੰਪਰਾ ਤੋਂ ਤੋੜ ਕੇ ਸਮਾਜ ਨੂੰ ਆਧੁਨਿਕ ਨਹੀਂ ਬਣਾ ਸਕਦਾ। ਇਕ ਵਿਸ਼ੇਸ਼ ਲਹਿਰ ਅਧੀਨ ਰਚਿਆ ਸਾਹਿਤ ਦੂਜੀ ਲਹਿਰ ਦੇ ਅਰੰਭ ਹੋਣ ਨਾਲ ਬਿਲਕੁਲ ਖਤਮ ਨਹੀਂ ਹੋ ਜਾਂਦਾ ਬਲਕਿ ਉਸ ਦੇ ਅਵਸ਼ੇਸ਼ ਦੂਜੇ ਕਾਲ ਵਿਚ ਵੀ ਵੇਖੇ ਜਾ ਸਕਦੇ ਹਨ। ਇਸ ਲਈ 1947 ਈ. ਮਗਰੋਂ ਜੰਮੂ ਕਸ਼ਮੀਰ ਵਿੱਚ ਆਧੁਨਿਕ ਕਵਿਤਾ ਦੇ ਨਾਲ ਨਾਲ ਪ੍ਰੰਪਰਾਗਤ ਕਵਿਤਾ ਵੀ ਰਚੀ ਮਿਲਦੀ ਹੈ। ਵੰਡ ਤੋਂ ਪ੍ਰਭਾਵਿਤ ਰਚੀ ਕਵਿਤਾ ਵੀ ਆਪਣੇ ਆਪ ਵਿੱਚ ਮਹੱਤਵਪੂਰਨ ਹੈ।

**(ੳ) ਵੰਡ ਤੋਂ ਪ੍ਰਭਾਵਿਤ ਹੋ ਕੇ ਰਚੀ ਕਵਿਤਾ**

1947 ਦੀ ਬੱਦਕਿਸਮਤ, ਅਣਕਿਆਸੀ ਅਤੇ ਅਣ-ਮੱਨੁਖੀ ਵੰਡ ਨੇ ਪੰਜਾਬੀ ਬੋਲਦੇ ਲੋਕਾਂ



Scanned with CamScanner

ਨੂੰ ਉਹ ਸਭ ਦੇਖਣ ਤੇ ਮਜਬੂਰ ਕੀਤਾ ਜਿਸ ਨੂੰ ਸੋਚ ਕੇ ਅੱਜ ਵੀ ਬੰਦੇ ਦੇ ਰੋਂਗਟੇ ਖੜੇ ਹੋ ਜਾਂਦੇ ਹਨ। ਹਜ਼ਾਰਾ ਬੰਦੇ ਇਸ ਉਥਲ ਪੁਥਲ ਵਿੱਚ ਮਾਰੇ ਗਏ ਜਿਨਾਂ ਦਾ ਸਿਰਫ ਅਤੇ ਸਿਰਫ ਇਹ ਕਸੂਰ ਸੀ ਕਿ ਉਹ ਕਿਸੇ ਖਾਸ ਫਿਰਕੇ ਨਾਲ ਸੰਬੰਧ ਰੱਖਦੇ ਸਨ। ਸੰਨ 1947 ਵਿੱਚ ਕਬਾਲੀਆਂ ਦੇ ਹਮਲੇ ਨੂੰ ਕਵੀਆਂ ਨੇ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿੱਚ ਕਲਮਬੰਦ ਕੀਤਾ ਹੈ-

ਸੰਮਤ ਦੋ ਹਜ਼ਾਰ ਤੇ ਚਾਰ ਚੱੜ ਦੇ
ਵਿਚ ਪੁੱਣਛ ਕਸ਼ਮੀਰ ਇਹ ਹਾਲ ਹੋ ਗਏ।
ਗ੍ਰਿਸੀ ਗਈ ਬਘਿਆੜ ਦੇ ਮੂੰਹ ਅੰਦਰ
ਮੀਰਪੁਰ ਤੇ ਪੁੱਨਛ ਕਸ਼ਮੀਰ ਸਾਡੀ। (ਗਿ. ਜੀਵਨ ਸਿੰਘ)

ਸੰਮਤ ਵੀਹ ਸੌ ਚਾਰ ਦਾ ਮਹੀਨਾ ਸਾਵਨਾ ਦੀ ਯਾਦ ਰਹਿਸੀ
ਜਿਸ ਵਿੱਚ ਹੋਈਆਂ ਸਾਡੇ ਦੇਸ਼ ਦੀਆਂ ਵੰਡੋਟੀਆ। (ਗਿ. ਅਵਤਾਰ ਸਿੰਘ)

ਪੰਜਾਬੀ ਸਾਹਿਤ ਵਿੱਚ 1947 ਈ. ਦਾ ਵਰਨਣ ਬਹੁਤ ਜਿਆਦਾ ਹੋਣ ਦਾ ਕਾਰਣ ਇਹੀ ਹੋ ਸਕਦਾ ਹੈ ਕਿ ਇਸ ਸ਼ੋਅ ਦਾ ਸਿੱਧਾ ਸ਼ਿਕਾਰ ਪੰਜਾਬੀ ਬੋਲਣ ਵਾਲੇ ਹੀ ਹੋਏ ਭਾਵੇਂ ਉਹ ਪੰਜਾਬ ਦੇ ਰਹਿਣ ਵਾਲੇ ਸਨ ਜਾਂ ਜੰਮੂ ਕਸ਼ਮੀਰ ਦੇ ਪੰਜਾਬੀ ਬੋਲਦੇ ਇਲਾਕੇ ਦੇ ਵਸਨੀਕ। ਇਸ ਪੀੜ ਅਤੇ ਅਨੁਭਵ ਨੇ ਇੱਥੋਂ ਦੇ ਪੰਜਾਬੀ ਸਾਹਿਤ ਨੂੰ ਪ੍ਰਭਾਵਿਤ ਕਰਨਾ ਹੀ ਸੀ ਜਿਸ ਦੀ ਮਹੱਤਤਾ ਤੋਂ ਇਨਕਾਰ ਸੰਭਵ ਨਹੀਂ ਕਿਉਂਕਿ ਇਕ ਕਾਰਣ ਉਹਨਾਂ ਦੀ ਸੋਚਣੀ ਨੇ ਵੀ ਮੋੜ ਖਾਦਾ। ਕਵੀ ਨੇ ਸਿੱਧੇ ਸ਼ਪਸ਼ਟ ਸ਼ਬਦਾਂ ਵਿੱਚ ਗੱਲ ਆਖੀ ਹੈ ਜਿਸ ਕਾਰਣ ਉਹ ਸੰਪਰਦਾਇਕ ਰੰਗ ਦੀ ਭਾਹ ਭਾਵੇਂ ਮਾਰਦੀ ਹੈ ਪਰ ਹੈ ਤਾਂ ਉਹ ਇਕ ਇਤਿਹਾਸਕ ਸੱਚ -

ਐਲੀ ਐਲੀ ਕਰਕੇ ਕਬਾਲੀ ਸਿਰੇ ਉਪਰ ਚੜੀ ਗਹਿਣੀ
ਮੋਢਿਆਂ ਉਪਰ ਟਕਡੰਮਾ ਹਿੰਦੀ ਹੱਥੇ ਵਿਚ ਬਰਛੋਟੀਆਂ ਕਈਏ।
(ਗਿ. ਅਵਤਾਰ ਸਿੰਘ)

ਜਾਂ

ਪੰਜ ਸੌ ਬਾਗ੍ਹਾਂ ਜੋ ਜਿੰਦੇ ਜਲਾਏ ਗਏ
ਤ੍ਰਪੀ ਨਗਰ ਵਿੱਚ ਸ਼ਹੀਦੀਆਂ ਪਾਉਣ ਵਾਲੇ,
ਪਿੰਜਰੇ ਮਾਵਾਂ ਦੇ ਪਏ ਹੋਏ ਵਿੱਚ ਜੰਗਲਾਂ
ਬੱਚੇ ਅਜੇ ਵੀ ਝੋਲੀ ਵਿੱਚ ਲਏ ਹੋਏ ਨੇ।
(ਹਰਨਾਮ ਸਿੰਘ ਦੁਖੀਆਂ)

(ਅ) **ਪੰਰਪਰਾਗਤ ਕਵਿਤਾ** – ਜਿਵੇਂ ਅਸੀਂ ਪਹਿਲਾਂ ਹੀ ਜ਼ਿਕਰ ਕਰ ਆਏ ਹਾਂ ਕਿ ਕੋਈ ਵੀ ਜੁਗਗਰਦੀ ਇਨਕਲਾਬ ਕਿੰਨਾ ਵੀ ਯੁਗ ਪਲਟਾਓ ਕਿਉਂ ਨ ਹੋਵੇਂ ਉਹ ਇਕ ਦਮ ਪ੍ਰਪੰਗਾ ਨੂੰ



Scanned with CamScanner

ਖ਼ਤਮ ਕਰਕੇ ਕੁਝ ਨਵਾਂ ਨਹੀਂ ਸਿਰਜ ਦਿੰਦਾ ਸਮਾਜ ਅੰਦਰ, ਖਾਸ ਤੌਰ ਤੇ ਸਾਹਿਤ ਦੇ ਸੰਬੰਧ ਵਿਚ। ਇਸੇ ਲਈ ਜੰਮੂ ਕਸ਼ਮੀਰ ਵਿਚ ਜਿੱਥੇ 1947 ਈ. ਮਗਰੋਂ ਆਧੁਨਿਕ ਕਵਿਤਾ ਰਚੀ ਜਾਣ ਲਗ ਪਈ ਸੀ ਉੱਥੇ ਨਾਲ ਹੀ ਪ੍ਰੰਪਰਾਗਤ ਕਵਿਤਾ ਵੀ ਰਚੀ ਜਾਂਦੀ ਰਹੀ ਹੈ। ਪਰੰਪਰਾਗਤ ਕਵਿਤਾ ਤੋਂ ਸਾਡਾ ਭਾਵ ਉਸ ਕਵਿਤਾ ਤੋਂ ਹੈ ਜਿਸ ਦਾ 1947 ਈ. ਤੋਂ ਪਹਿਲਾ ਰਿਵਾਜ ਸੀ। ਇਹ ਕਵਿਤਾ ਅਧਿਆਤਮਕ ਰੰਗ ਦੀ ਹੁੰਦੀ ਸੀ ਭਾਵੇਂ ਉਹ ਸੂਫੀ ਵਿਚਾਰਾਂ ਵਾਲੀ ਸੀ ਜਾਂ ਭਗਤੀ ਰਸ ਦੀ ਜਾਂ ਫਿਰ ਗੁਰਮਤਿ ਤੋਂ ਪ੍ਰਭਾਵਿਤ ਹੋ ਰਚੀ ਗਈ ਸੀ। ਇਸ ਦੇ ਨਾਲ ਹੀ ਨਿੱਜੀ ਪਿਆਰ ਦੀ ਕਵਿਤਾ ਵੀ ਰਚੀ ਜਾਂਦੀ ਸੀ। 1947 ਈ. ਤੋਂ ਝੱਟ ਮਗਰੋਂ ਵੰਡ ਦੇ ਦੁਖ ਨੂੰ ਅਭਿਵਿਅਕਤ ਕਰਦੀਆਂ ਕਵਿਤਾਵਾਂ ਤੋਂ ਇਲਾਵਾ ਸੁਧਾਰਵਾਦੀ ਧਾਰਮਿਕ, ਇਤਿਹਾਸਕ ਅਤੇ ਦੇਸ਼ ਪਿਆਰ ਦੀਆਂ ਕਵਿਤਾਵਾਂ ਵੀ ਰਚੀਆਂ ਗਈਆਂ। ਸਾਡੇ ਬਹੁਤੇ ਕਵੀ ਐਸੇ ਹਨ ਜੋ ਕਿਸੇ ਇਕ ਖਾਸ ਪ੍ਰਵਿਰਤੀ ਨੂੰ ਮੁੱਖ ਰਖ ਕਵਿਤਾ ਨਹੀਂ ਕਰਦੇ ਬਲਕਿ ਉਹ ਇਕੋ ਸਮੇਂ ਕਈ ਪ੍ਰਵਿਰਤੀਆਂ ਅਧੀਨ ਕਵਿਤਾ ਕਰਦੇ ਰਹੇ ਹਨ ਜਾਣੇ ਜਾ ਅਣਜਾਣੇ। ਇਸ ਦੇ ਕਈ ਕਾਰਣ ਹੋ ਸਕਦੇ ਹਨ ਜਿਵੇਂ ਕਿਸੇ ਸਾਹਿਤਕ ਜਾਂ ਰਾਜਨੀਤਕ ਜੱਥੇਬੰਦ ਲਹਿਰ ਦਾ ਨਾ ਹੋਣਾ ਜਾਂ ਸਾਹਿਤ ਪ੍ਰਤੀ ਸਾਡੇ ਗੰਭੀਰ ਚਿੰਤਨ ਦੀ ਘਾਟ। ਪਰੰਪਰਾਗਤ ਕਵਿਤਾ ਕਰਨ ਵਾਲਿਆ ਵਿੱਚ ਸ਼ਾਮਿਲ ਕਵੀਆਂ ਨੇ ਧਾਰਮਿਕ ਰੰਗ ਦੀਆਂ ਅਧਿਆਤਮਕ, ਇਤਿਹਾਸਕ ਕਵਿਤਾਵਾਂ ਰਚੀਆਂ ਹਨ। ਉਹਨਾਂ ਵਿੱਚੋਂ ਵੀ ਬਹੁਤਿਆਂ ਨੇ ਆਪਣੇ ਆਪ ਨੂੰ ਗੁਰ ਇਤਿਹਾਸ ਦੇ ਵਰਨਣ ਤੱਕ ਹੀ ਸੀਮਤ ਰੱਖਿਆ ਹੈ ਅਤੇ ਇੰਝ ਜਾਪਦਾ ਹੈ ਜਿਵੇਂ ਉਹਨਾਂ ਨੇ ਇਸ ਪ੍ਰਕਾਰ ਦੀਆਂ ਕਵਿਤਾਵਾਂ ਖਾਸ ਅਵਸਰਾਂ ਤੇ ਸਟੇਜਾਂ ਜਾਂ ਧਾਰਮਿਕ ਦੀਵਾਨਾ ਤੇ ਬੋਲਣ ਲਈ ਰਚੀਆਂ ਹਨ–

ਝੁੱਲ ਝੁੱਲ ਇਕ ਉਅੰਕਾਰ ਦੇ ਝੰਡੇ।
ਪੂਰਨ ਗੁਰ ਅਵਤਾਰ ਦੇ ਝੰਡੇ।
ਹਰ ਮਜ਼ਲੂਮ ਦੁਖਿਆਰ ਦੇ ਝੰਡੇ। (ਗਿ. ਕਰਤਾਰ ਸਿੰਘ ਕੋਮਲ)

ਸੰਨ ਸੱਤਾਲੀ ਦੀ ਤਬਾਹੀ ਅਤੇ ਬਰਬਾਦੀ ਨੇ ਬੰਦੇ ਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਮਜਬੂਰ ਕਰ ਦਿੱਤਾ। ਉਹ ਬੇਆਸਰਾ ਤੇ ਬੇਹੌਂਸਲਾ ਹੋ ਗਿਆ ਸੀ। ਬਿਪਤਾ ਦੀ ਇਸ ਘੜੀ ਵਿੱਚ ਉਸ ਨੇ ਸਰਬ ਸ਼ਕਤੀਮਾਨ ਵਾਹਿਗੁਰੂ ਦੀ ਓਟ ਵਿੱਚ ਸ਼ਰਨ ਲੈਣਾ ਜ਼ਰੂਰੀ ਸੱਮਝਿਆ। ਇਹ ਬਣੀ ਬਣਾਈ ਫਾਹਰ ਉਸ ਲਈ ਵਰਦਾਨ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ। ਉਸ ਨੇ ਹਰ ਗੱਲ ਲਈ, ਭਾਵੇਂ ਦੁੱਖ ਹੋਵੇ ਤੇ ਭਾਵੇਂ ਸੁੱਖ ਉਸਨੂੰ ਜਿੰਮੇਵਾਰ ਠਹਿਰਾਣਾ ਆਰੰਭ ਦਿੱਤਾ। ਉਹ ਬੰਦੇ ਦੀ ਕਿਸਮਤ ਬਣਾਉਣ ਲਕੀਆਂ ਵਾਲਾ, ਉਸਦਾ ਪਾਲਣਹਾਰਾ ਉਸਦਾ ਰਾਜਕ ਹੋ ਗਿਆ–

ਸੱਜਣ ਵਰਗੇ ਠੱਗ ਸਵੇਰ, ਕੋਡੋਂ ਵਰਗੇ ਰਾਖਮ ਤਾਰੇ।
ਧੰਨ ਗੁਰੂ ਨਾਨਕ ਸਤਿਗੁਰੂ ਪਿਆਰੇ, ਸਦਕੇ ਤੈਥੋਂ ਸੌ ਸੌ ਵਾਰੇ॥
(ਕਰਤਾਰ ਸਿੰਘ ਕੋਮਲ)



Scanned with CamScanner

(ੲ) ਸੁਧਾਰਵਾਦੀ ਕਵਿਤਾ — ਮਨੁੱਖ ਜਦੋਂ ਰੱਬ ਨੂੰ ਨਾ ਪਾ ਸਕਿਆ ਅਤੇ ਨਾਂ ਹੀ ਕਿਸੇ ਗੈਬੀ ਤਾਕਤ ਵਲੋਂ ਹੀ ਰਹਿਮਤ ਦੀ ਬਾਰਿਸ਼ ਹੋਈ ਤਾਂ ਕਵੀ ਉਪਦੇਸ਼ਨ ਜਾ ਸੁਧਾਰਕ ਬਣ ਬੈਠਾ। ਉਸਨੇ ਆਪਣੇ ਆਪ ਵਿੱਚ ਆਪਣੇ ਸਮਾਜ ਵਿੱਚ ਅਤੇ ਧਾਰਮਿਕ ਸੁਰੀਤਾਂ ਵਿੱਚ ਸੁਧਾਰ ਕਰਨ ਦਾ ਬੀੜਾ ਚੁੱਕ ਲਿਆ। ਸੁਧਾਰਵਾਦੀ ਕਵਿਤਾ ਲਿਖਣ ਵਾਲਿਆਂ ਦੀ ਇਕ ਲੰਮੀ ਕਤਾਰ ਹੈ, ਜਿਨ੍ਹਾਂ ਨੇ ਬੰਦੇ ਨੂੰ ਉਪਦੇਸ਼ ਦੇਣ ਦਾ ਭਰਪੂਰ ਯਤਨ ਕਰਦਿਆਂ ਹੋਇਆਂ ਮੰਤਵੀ ਕਵਿਤਾ ਕੀਤੀ ਹੈ। ਉਹਨਾਂ ਵਿੱਚੋਂ ਬਹੁਤਿਆਂ ਨੇ ਨਿਮਾਣ ਰਹਿ ਕੇ ਜਿੰਦਗੀ ਬਿਤਾਣ, ਇਕ ਦੂਜੇ ਦੇ ਚੰਗੇ ਮਿੱਤਰ ਬਣਨ, ਚੰਗੇ ਵਿਅਕਤੀ ਬਣ ਕੇ ਜਿੰਦਗੀ ਮਾਣਨ, ਦੂਜਿਆਂ ਤਾਈ ਮਿੱਠਾ ਬੋਲਣ ਅਤੇ ਸਵਾਰਥੀ ਨਾ ਬਣਨ ਦਾ ਉਪਦੇਸ਼ ਦਿੱਤਾ ਹੈ।

ਛੱਡ ਤੁਅਸਬ ਨਸਲੀ ਘਿਰਣਾ ਕਜੇ ਚਾਹੇ ਅਮਨ ਅਮਾਨ,
ਇਕ ਰੱਬ ਦਾ ਰਾਹ ਦਿਖਾਏ, ਗੀਤਾ, ਗ੍ਰੰਥ, ਅੰਜੀਲ, ਕੁਰਾਨ।

(ਕਰਤਾਰ ਸਿੰਘ ਕੋਮਲ)

ਰੰਗ ਨਸਲ ਦਾ, ਦੀਨ ਵਤਨ ਦਾ ਝਗੜਾ ਮੁਹਲਕ ਸਾਰਾ।
ਇਕ ਡਾਲੀ ਦਾ ਫੁਲ ਤਮਾਮੀ ਹਵਸੀ ਤੇ ਅਵਰੰਗ।
ਖਲਕਤ ਰੰਗਾ ਰੰਗ।

(ਸਾਬਰ ਆਫ਼ਾਕੀ)

ਮਾਂ ਡਾਇਣ ਬਣ ਕੇ
ਪਿਓ ਕਾਤਲ ਬਣ ਕੇ
ਕਰ ਦੇਣ ਹਵਾਲੇਟ
ਅੱਜ ਉਸਦੇ ਅੱਗੇ।
ਜਿਹੜਾ ਉਸ ਕਨੀ ਦਾ
ਜਿਓ ਬਾਬਾ ਲਗੇ।

(ਠਾਕੁਰ ਸਿੰਘ ਜਖ਼ਮੀ)

ਕੁਝ ਬਦਲੋ ਕਾਰ ਵਿਹਾਰਾਂ ਨੂੰ
ਕੁਝ ਬਦਲੋਂ ਹੇਕਾਂ ਟਾਹਰਾਂ ਨੂੰ
ਸਮਝੋ ਵੇਲੇ ਦੀਆਂ ਮਾਰਾਂ ਨੂੰ
ਸਰਾਪੋ ਨਾ ਇੰਝ ਮੁਟਿਆਰਾਂ ਨੂੰ।

(ਸੁਪਨ ਮਾਲਾ)



Scanned with CamScanner

ਛੂਤ ਛਾਤ ਤੇ ਜਾਤ ਪਾਤ ਦੇ, ਝਗੜੇ ਸਭ ਮਿਟਾਈ ਚਲੋ।
ਸਭ ਚ ਰੱਬ ਰਹਿਆ ਪ੍ਰਭੂ ਏਕੋ ਵੇਖ ਵੇਖ ਵਿਗਸਾਈ ਚਲੋ।

(ਰਤਨ ਸਿੰਘ ਕਰਗਲੀ)

ਸਾਡੇ ਕਵੀਆਂ, ਜੋ ਵੱਖ-ਵੱਖ ਕੌਮਾਂ ਨਾਲ ਸਬੰਧੰਤ ਹਨ, ਤੇ ਆਪੋ ਆਪਣੀਆਂ ਕੌਮਾਂ ਦੇ ਜਵਾਨਾਂ ਬਜ਼ੁਰਗਾਂ ਅਤੇ ਮਰਦ ਔਰਤਾਂ ਨੂੰ ਸੰਬੋਧੰਨ ਕਰਦਿਆਂ ਆਖਿਆ ਹੈ ਕਿ ਉਹ ਆਪਣੀ ਕੌਮ ਨੂੰ ਉਚਾਈਆਂ ਤੱਕ ਲੈ ਜਾਣ ਅਤੇ ਸੰਸਾਰ ਦੀਆਂ ਹੋਰ ਜਾਤੀਆਂ ਨਾਲ ਮੋਢੇ ਨਾਲ ਮੋਢਾਂ ਡਾਹ ਅਗੇ ਵਧਣ —

ਮੇਰੀਏ ਬੇ-ਜਵਾਨ ਕੌਮੇਂ ਇਤਨਾਂ ਰਹੁ ਨ ਬੇਜ਼ੁਬਾਣ ਹੁਣ ਤੇ।
ਦੁਨੀਆਂ ਬੱਦਲ ਕੇ ਹੋਰ ਥੀ ਹੋਰ ਹੋ ਗਈ
ਤੂੰ ਭੀ ਵਕਤ ਦੀ ਨਬਜ਼ ਸਿਆਣ ਹੁਣ ਤੇ।

(ਇਸਮਾਈਲ ਜਬੀ)

**ਨਿੱਜੀ ਪਿਆਰ ਦੀ ਰੋਮਾਂਚਕ ਕਵਿਤਾ —**

ਆਮਤੌਰ ਤੇ ਇਹ ਆਖਿਆ ਜਾਂਦਾ ਹੈ ਕਿ ਨਿੱਜੀ ਪਿਆਰ ਦੀ ਰੋਮਾਂਚਕ ਕਵਿਤਾ ਉਦੋਂ ਰਚੀ ਜਾਂਦੀ ਹੈ, ਜੱਦੋਂ ਬੰਦੇ ਕੋਲ ਵਿਹਲ ਹੋਵੇਂ ਅਤੇ ਜੀਵਨ ਵਿੱਚ ਇਕਸਾਰਤਾ ਹੋਵੇ ਜਾ ਫਿਰ ਕਵੀ ਬੰਦੇ ਨੂੰ ਮਸ਼ੀਨ ਨਾਲ ਮਸ਼ੀਨ ਹੋਇਆ ਵੇਖਦਾ ਹੈ ਤਾਂ ਉਹ ਰੁਮਾਂਚਵਾਦੀ ਬਣ ਨਿਬੜਦਾ ਹੈ ਅਤੇ ਮੁੜ ਕੁਦਰਤ ਨੂੰ ਉਪਦੇਸ਼ ਦਿੰਦਾ ਹੋਇਆ ਭਵਿੱਖ ਵਲ ਨੀਜ ਲਾ ਲੈਂਦਾ ਹੈ ਜਾ ਫਿਰ ਭੂਤਕਾਲ ਨੂੰ ਵੱਡਿਆਉਣ ਲਗ ਪੈਂਦਾ ਹੈ। ਜੰਮੂ ਕਸ਼ਮੀਰ ਵਿਚ ਨਿਜੀ ਪਿਆਰ ਦੀ ਕਵਿਤਾ ਰਚੇ ਜਾਣ ਦਾ ਪਹਿਲਾ ਕਾਰਣ ਇਹੀ ਹੋ ਸਕਦਾ ਹੈ ਕਿਉਂਕਿ ਹਾਲਾਂਤੀਕ ਕਸ਼ਮੀਰ ਵਿੱਚ ਵੱਡੇ ਵੱਡੇ ਸਨਅਤੀ ਸਹਿਰਾਂ ਵਾਲੀ ਅੰਨ੍ਹੀ ਦੌੜ ਆਰੰਭ ਨਹੀਂ ਹੋਈ ਅਤੇ ਲੋਕੀਂ ਵਿਹਲ ਕੱਢ ਹੀ ਲੈਂਦੇ ਹਨ। ਨਿਜੀ ਪਿਆਰ ਬਾਰੇ ਰਚੀਆਂ ਕਵਿਤਾਵਾਂ ਵਿਚ ਰੁਮਾਂਚਕ ਕਵੀ ਆਪਣੀ ਸਖ਼ਸ਼ੀਅਤ ਨੂੰ ਕਵਿਤਾ ਨਾਲ ਇੰਝ ਇਕਮਿਕ ਕਰ ਲੈਂਦਾ ਹੈ ਕਿ ਦੋਹਾਂ ਦਾ ਨਿਖੇੜ ਕਰ ਲੈਣਾ ਔਖਾ ਹੋ ਜਾਂਦਾ ਹੈ। ਰਚਨਾ ਦੇ ਹਰ ਸ਼ਬਦ ਵਿਚੋਂ ਕਵੀ ਦੀ ਆਪਣੀ ਸ਼ਖਸ਼ੀਅਤ ਝਲਕਣ ਲਗ ਪੈਂਦੀ ਹੈ, ਤਾ ਅਵੇਂ ਮਿਹਣੇ, ਆਹੋਜ਼ਾਰੀ, ਇਸ ਪ੍ਰਕਾਰ ਦੀ ਕਵਿਤਾ ਦਾ ਖ਼ਾਸਾ ਹੈ। ਕਵੀ ਨੂੰ ਪਤਾ ਹੈ ਕਿ ਯਾਦ ਨੇ ਮਨ ਵਿੱਚੋਂ ਨਿਕਲਣਾ ਨਹੀਂ ਅਤੇ ਮਾਸ਼ੂਕ ਨੇ ਆ ਕੇ ਦਰਸ਼ਨ ਵੀ ਨਹੀਂ ਦੇਣੇ, ਇਸੇ ਕਰਕੇ ਚੈਨ ਸੰਭਵ ਨਹੀਂ। ਪਿਆਰ ਵਿਚ ਸਭ ਕੁਝ ਬਰਦਾਸ਼ਤ ਕਰਨ ਲਈ ਤਿਆਰ ਹੈ, ਪਰ ਪਿਆਰ ਨਫ਼ਰਤ ਵਿੱਚ ਵੱਟ ਜਾਣਾ, ਉਸਨੂੰ ਕਦਾਚਿੱਤ ਬਰਦਾਸ਼ਤ ਨਹੀਂ ਹੋ ਸਕਦਾ। ਇਹੋ ਜਿਹੀ ਕਵਿਤਾ ਸਾਨੂੰ ਆਪਣੇ ਸਮੇਂ ਦੀਆਂ ਉਹਨਾਂ ਜੀਣ ਜੋਗੀਆਂ ਘੜੀਆਂ ਦੀ ਯਾਦ ਤਾਜਾ ਕਰਾਂ ਦਿੰਦੀ ਹੈ ਕਿ ਜਿਹਨਾਂ ਤੋਂ ਚਾਹ ਯੁੱਗ ਵਾਰ ਸੁਣਣ ਤੇ ਬੇਇਖ਼ਤਿਆਰ ਜੀਆ ਕਰ ਆਉਂਦਾ ਹੈ। ਰੋਮਾਂਚਕ ਕਵਿਤਾ ਦਾ ਦੂਜਾ ਲੱਛਣ ਹੈ ਵਲਵਲਾ। ਪਿਆਰ ਦਾ ਸੰਬੰਧ ਦਿਲ ਨਾਲ ਅਤੇ ਦਿਲ ਦਾ ਜਜ਼ਬੇ ਨਾਲ। ਇਹੋਂ ਜਿਹੇ ਸਮੇਂ ਦਲੀਲ ਦਾ ਪਲ੍ਹ ਹੱਥੋਂ ਨਿਕਲ ਜਾਂਦਾ

ਹੈ। ਇਹ ਜਜ਼ਬੇ ਦੀ ਹੀ ਕਰਾਮਾਤ ਹੈ ਜੋ ਨਿੱਜੀ ਪਿਆਰ ਦੀ ਰੋਮਾਂਚਕ ਕਵਿਤਾ ਨੂੰ ਮਾਣਨਯੋਗ ਬਣਾਂਦਾ ਹੈ ਅਤੇ ਤਣੀਆਂ ਨੱਸਾਂ ਨੂੰ ਢਿੱਲਾ ਕਰ ਪਲ ਹੀ ਪਲ ਬੰਦੇ ਨੂੰ ਸੌਖਾ ਕਰ ਦਿੰਦਾ ਹੈ। ਆਪਣੇ ਪਿਆਰ ਨੂੰ ਸੁਭਾਵਕ ਦਰਸਾਉਣ ਖਾਤਰ ਕਵੀ ਹਰ ਚੀਜ਼ ਨੂੰ ਪਿਆਰ ਭਿੰਨੀ ਆਖਦਾ ਹੈ ਅਤੇ ਉਸਨੂੰ ਸਾਰਾ ਜਹਾਨ ਹੀ ਪਿਆਰ ਆਸਰੇ ਵਧਿਆ ਨਜ਼ਰ ਆਉਂਦਾ ਹੈ। ਇਹ ਗੱਲ ਵੀ ਦਲੀਲ ਨਹੀਂ ਜਜ਼ਬੇ ਦਾ ਆਸਰਾ ਢੂੰਢਦੀ ਨਜ਼ਰ ਆਉਂਦੀ ਹੈ। ਪਿਆਰ ਵਿਚ ਖਾਧੀ ਮਾਰ ਵੀ ਜਿੱਤ ਜਾਪਦੀ ਹੈ। ਇਹੋ ਤਾਂ ਰੁਮਾਂਚਕ ਕਵਿਤਾ ਦਾ ਖਾਕਾ ਹੈ। ਇਸਨੂੰ ਦਲੀਲਾਂ ਦੀ ਕਸਵਟੀ ਤੇ ਪਰਖਣ ਵਾਲਾ ਭੰਬਲ ਭੂਸਿਆਂ ਵਿਚ ਪੈ ਜਾਂਦਾ ਹੈ। ਪਿਆਰ ਵਿਚ ਮਿਲੀ ਅਸਫਲਤਾ ਕਵੀ ਨੂੰ ਵਰਤਮਾਨ ਸਮਾਜ ਤੇ ਉਸ ਦੀਆਂ ਬੋਦੀਆਂ ਰਸਮਾਂ ਰੀਤਾਂ ਨੂੰ ਭੰਡਨ ਤੇ ਮਜਬੂਰ ਕਰ ਦਿੰਦੀ ਹੈ। ਸਾਰਾ ਹੀ ਸਮਾਜਕ ਢਾਂਚਾ ਉਸਨੂੰ ਸੜਿਆਂਦ ਮਾਰਦਾ ਨਜ਼ਰ ਆਉਂਦਾ ਹੈ। ਸਾਰੀ ਮਨੁੱਖਤਾ ਉਸਨੂੰ ਰੌਂਦੀ ਪ੍ਰਤੀਤ ਹੁੰਦੀ ਹੈ–

ਨਿਭਾਣਾ ਜੇ ਨ ਔਂਦਾ ਸੀ ਭਲਾ ਫਿਰ ਪਿਆਰ ਕਿਉਂ ਕੀਤਾ
ਗਲੋਂ ਲਾਹੁਣਾ ਹੀ ਜੇਕਰ ਸੀ, ਗਲੇ ਦਾ ਹਾਰ ਕਿਉਂ ਕੀਤਾ।

(ਠਾਕੁਰ ਸਿੰਘ ਜ਼ਖ਼ਮੀ)

ਜਿਨਾਂ ਰਾਤਾਂ ਚ ਕੱਜਲੇ ਖੁਰਦੇ ਨੇ,
ਉਹਨਾਂ ਰਾਤਾਂ ਦੇ ਕੱਦ ਸਵੇਰੇ ਨੇ।
ਉਮਰ ਦੇ ਮਾਹ ਨੂੰ ਪਾਰ ਕਰਨ ਲਈ
ਚਪੂ ਯਾਦਾਂ ਦੇ ਹੀ ਬਹੁਤੇਰੇ ਨੇ।

(ਸੁਧਨ ਮਾਲਾ)

ਇਹ ਮੇਰਾ ਹੀ ਦਿਲ ਸੀ ਇਹ ਮੇਰਾ ਜਿਗਰ ਸੀ,
ਕਿ ਖੁਦ ਰੋ ਰੋ ਕੇ ਉਸਨੂੰ ਹਸਾਦਾਂ ਰਿਹਾ ਹਾਂ।

(ਬਸ਼ੀਰ ਅਹਿਮਦ ਬਸ਼ੀਰ)

**ਆਧੁਨਿਕ ਕਵਿਤਾ –**

ਸੱਮੁਚੇ ਪੰਜਾਬੀ ਕਾਵਿ ਵਿੱਚ ਆਧੁਨਿਕ ਕਵਿਤਾ ਦਾ ਆਰੰਭ ਵੀਹਵੀਂ ਸੱਦੀ ਦੇ ਆਰੰਭ ਨਾਲ ਹੀ ਹੁੰਦਾ ਹੈ। ਪੰਜਾਬੀ ਕਵਿਤਾ ਦੇ ਸੰਦਰਭ ਵਿੱਚ ਆਧੁਨਿਕਤਾ ਦਾ ਭਾਵ ਸ਼੍ਰੇਣੀ ਸੁਖ਼ਮ ਤੋਂ ਟੁੱਟ ਕੇ ਵਿਅਕਤੀ ਮੁੱਖਤਾ ਅਥਵਾ ਵਿਅਕਤੀ-ਕੇਂਦ੍ਰਿਤ ਹੋਣ ਤੋਂ ਹੈ। ਇਸ ਵਿਅਕਤੀ ਵਾਦੀ ਭਾਵਨਾ ਦੇ ਪਿਛੋਕੜ ਵਿੱਚ ਸੰਸਾਰ ਭਰ ਦੀਆਂ ਸਾਹਿਤਕ, ਸਮਾਜੀ ਤੇ ਸਿਆਸੀ ਲਹਿਰਾਂ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਆਮ ਕਿਹਾ ਜਾਂਦਾ ਹੈ ਕਿ ਆਧੁਨਿਕਤਾ ਦੀ ਆਤਮਾਂ ਵਿਅਕਤੀਵਾਦ ਹੈ।

ਪੰਜਾਬੀ ਦੇ ਆਧੁਨਿਕ ਕਾਲ ਹੀ ਕਵਿਤਾ ਨੂੰ ਭਲੀਭਾਂਤ ਸਮਝਣ ਲਈ ਉਹਨਾਂ ਨਵੀਨ



Scanned with CamScanner

ਪ੍ਰਸਥੀਤਿਆਂ, ਸ਼ਕਤੀਆਂ, ਭਾਵਾਂ ਅਤੇ ਵਿਚਾਰਾਂ ਨੂੰ ਸਮਝਣਾ ਅਤਿਅੰਤ ਅਵੱਸਕ ਹੈ ਜੋ 19 ਵੀਂ ਸਦੀ ਇਸਵੀਂ ਦੇ ਅੰਤ ਅਤੇ ਵੀਹਵੀਂ ਸਦੀ ਦੇ ਆਰੰਭ ਵਿੱਚ ਪੈਦਾ ਹੋਏ। ਅੰਗਰੇਜ਼ੀ ਰਾਜ ਵਿੱਚ ਕਵੀ ਵਿਦਿਆ ਅਤੇ ਵਿਗਿਆਨਕ ਅਵਿਸ਼ਕਾਰਾਂ ਦੇ ਪ੍ਰਚਾਰ ਫਲ ਸਰੂਪ ਦੇਸ਼ ਵਿੱਚ ਇਨਕਲਾਬੀ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪਰਿਵਰਤਨ ਹੋਏ ਜਿਸ ਕਾਰਣ ਅਨੇਕ ਪ੍ਰਕਾਰ ਦੇ ਅੰਦੋਲਨਾਂ ਕਾਰਣ ਜੀਵਨ ਹੋਰ ਦਾ ਹੋਰ ਹੋ ਗਿਆ। ਲੋਕ ਆਪਣਾ ਸੁਸ਼ਤ ਜੀਵਨ ਛੱਡ ਕੇ ਅਗੇ ਵਲ ਨੂੰ ਵਧੇ। ਇਸ ਨਵਜਾਗਰਣ ਨੇ ਦੇਸ਼ ਦੀ ਆਤਮਾਂ ਨੂੰ ਇਕ ਵਾਰ ਮੁੜ ਸੁਰਜੀਤ ਕਰ ਦਿੱਤਾ। ਇਸ ਕਾਰਣ ਨਵੇਂ ਯੁਗ ਦੀ ਅਵੱਸ਼ਕਤਾ ਦੇ ਨਾਲ ਸਾਹਿਤਕਾਰਾਂ ਵਿੱਚ ਵਿਚਾਰ ਸੁੰਤਤਰਤਾ ਦਾ ਜਨਮ ਹੋਇਆ ਅਤੇ ਭਾਸ਼ਾ ਦੇ ਸ਼ਬਦਕੋਸ਼ ਵਿਚ ਵਾਧਾ ਹੋਇਆ। ਕਵੀਆਂ ਨੇ ਇਕ ਨਵਾਂ ਮਾਨਵ ਦਰਸ਼ਨ ਗ੍ਰਹਿਣ ਕੀਤਾ ਅਤੇ ਨਵੇਂ ਕਲਾਤਮਕ ਅੰਦੋਲਨ ਨੂੰ ਜਨਮ ਦਿੱਤਾ। ਪੁਰਾਤਨ ਕਦਰਾਂ ਕੀਮਤਾਂ ਦਾ ਨਵੇਂ ਤੋਰ ਤੇ ਮੁਲਾਂਕਣ ਹੋਣ ਲਗਾ। ਫਿਰ ਮਾਰਕਸ਼ਵਾਦੀ ਵਿਚਾਰਧਾਰਾਂ ਤੋਂ ਪ੍ਰਭਾਵਿਤ ਪ੍ਰਵਿਰਤੀਆਂ ਦਾ ਜਨਮ ਹੋਇਆ, ਜਿਸਨੂੰ ਸਾਹਿਤ ਵਿੱਚ ਪ੍ਰਗਤੀਵਾਦ ਕਿਹਾ ਜਾਂਦਾ ਹੈ ਅਤੇ ਮਗਰੋਂ ਇਸ ਦੇ ਪ੍ਰਤੀ ਕਰਮ ਵਜੋਂ ਪ੍ਰਯੋਗਵਾਦ ਹੋਂਦ ਵਿਚ ਆਉਂਦਾ ਹੈ ਅਤੇ ਕਈ ਹੋਰ ਨਵੇਂ ਸਾਹਿਤਕ ਝੁਕਾਅ ਵੀ ਵੇਖਣ ਨੂੰ ਮਿਲਦੇ ਹਨ। ਇਨ੍ਹਾਂ ਪ੍ਰਮੁੱਖ ਵਿਸ਼ੇਸ਼ਤਾਵਾਂ ਦੇ ਇਲਾਵਾ ਆਦਰਸ਼ ਅਤੇ ਯਥਾਰਥ ਵੀ ਕਵੀਆਂ ਦੀ ਵਿਚਾਰਧਾਰਾ ਨੂੰ ਪ੍ਰੇਰਦੇ ਰਹੇ।

ਆਧੁਨਿਕ ਕਾਲ ਵਿੱਚ ਪੰਜਾਬੀ ਕਵਿਤਾ ਨਵੀਂ ਵਿਚਾਰਧਾਰਾ ਤੋਂ ਪ੍ਰਭਾਵਤ ਹੋਈ ਅਤੇ ਅਨੇਕ ਪ੍ਰੰਰਾਗਤ ਮਾਨਤਾਵਾਂ ਅਤੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵਿੱਚ ਮਹੱਤਵਪੂਰਨ ਪਰਿਵਰਤਨ ਹੋ ਚੁੱਕੇ ਹਨ ਅਤੇ ਹੁਣ ਵੀ ਹੋ ਰਹੇ ਹਨ। ਜੰਮੂ ਕਸ਼ਮੀਰ ਵਿੱਚ ਇਸ ਪ੍ਰਕਾਰ ਦੀ ਆਧੁਨਿਕਤਾ ਕੁਝ ਪੱਛੜ ਕੇ ਆਈ ਹੈ। 1947 ਈ. ਮਗਰੋਂ ਹੀ ਸਾਡੇ ਸਾਹਿਤ ਵਿੱਚ ਆਧੁਨਿਕ ਵਿਚਾਰਾਂ ਦਾ ਪ੍ਰਵੇਸ਼ ਹੁੰਦਾ ਹੈ ਪ੍ਰੰਤੂ ਸਾਡੇ ਸਾਹਿਤਕਾਰਾਂ ਨੇ ਛੇਤੀ ਛੇਤੀ ਜਮਾਨੇ ਅਤੇ ਹਾਲਾਤ ਦੇ ਨਾਲ ਕਦਮ ਮਿਲਾ ਕੇ ਤੁਰਨ ਦਾ ਪੂਰਾ ਪੂਰਾ ਯਤਨ ਕੀਤਾ ਹੈ। ਅਸੀਂ ਆਪਣੀ ਸਮਕਾਲੀ ਆਧੁਨਿਕ ਕਵਿਤਾ ਨੂੰ ਦੋ ਸ਼ੀਰਸ਼ਕਾਂ ਹੇਠ ਰੱਖ ਕੇ ਵਿਚਾਰਾਂ ਗਏ— (ੳ) ਪ੍ਰਗਤੀਵਾਦੀ ਕਵਿਤਾ ਅਤੇ (ਅ) ਪ੍ਰਯੋਗਵਾਦੀ/ਪ੍ਰਯੋਗਸ਼ੀਲ ਕਵਿਤਾ।

(ੳ) **ਪ੍ਰਗਤੀਵਾਦੀ ਕਵਿਤਾ**— ਆਧੁਨਿਕ ਕਾਲ ਦੀ ਸਭ ਤੋਂ ਵਧ ਸ਼ਕਤੀਸ਼ਾਲੀ ਕਾਵਿ ਪ੍ਰਵਿਰਤੀ ਇਹੀ ਪ੍ਰਗਤੀਵਾਦੀ ਪ੍ਰਵਿਰਤੀ ਹੈ। ਪ੍ਰਗਤੀਵਾਦੀ ਕਾਵਿ ਪ੍ਰਵਿਰਤੀ ਕਿਸੇ ਇਕ ਦੇਸ਼ ਭਾਸ਼ਾ ਜਾਂ ਕੌਮ ਦੇ ਸਾਹਿਤ ਦੀ ਪ੍ਰਵਿਰਤੀ ਨਹੀਂ। ਸਗੋਂ ਸੱਮੁਚੇ ਵਿਸ਼ਵ ਦੀ ਠੋਸ ਦਾਰਸਨਿਕ ਤੱਤਾ ਤੇ ਆਧਾਰਿਤ ਵਿਸ਼ਵ-ਵਿਆਪੀ ਪ੍ਰਵਿਰਤੀ ਹੈ ਜਿਸ ਨੇ ਸਾਹਿਤ ਦੇ ਮੰਤਵ ਉਦੇਸ਼ ਨੂੰ ਬਦਲ ਕੇ ਰੱਖ ਦਿੱਤਾ ਹੈ। ਇਸ ਕਾਵਿ ਪ੍ਰਵਿਰਤੀ ਨੂੰ ਸਮਾਜਵਾਦੀ ਚੇਤਨਾ ਦਾ ਨਾ ਵੀ ਦਿੱਤਾ ਜਾਂਦਾ ਹੈ। ਪ੍ਰਗਤੀਵਾਦੀ ਉਹ ਸਾਹਿਤਕ ਵਿਚਾਰਧਾਰਾ ਹੈ ਜਿਸਦਾ ਆਧਾਰ ਮਾਰਕਸਵਾਦੀ ਦਰਸ਼ਨ ਦਾ ਦੰਵਦਾਤਮਕ ਭੌਤਿਕਵਾਦ ਹੈ। ਇਸ ਪ੍ਰਵਿਰਤੀ ਨੂੰ ਮੁੱਖ ਰੱਖ ਰਚੀ ਕਵਿਤਾ ਜਨ-ਸਾਧਾਰਨ ਦੇ ਜੀਵਨ ਦੀ ਪ੍ਰਤੀਨਿਧੱਤਾ ਅਤੇ ਅਗਵਾਈ ਕਰਦੀ ਹੈ। ਪ੍ਰਗਤੀਵਾਦੀ ਕਵਿਤਾ ਉਹਨਾਂ ਸਾਰੀਆਂ ਸ਼ਕਤੀਆਂ ਨੂੰ ਨੰਗਾਂ ਕਰਦੀ ਹੈ। ਜਿਹੜੀਆਂ ਸਮਾਜਵਾਦ, ਫਾਸਿਜਮ, ਪੂੰਜੀਵਾਦ ਅਤੇ ਭੂਪਵਾਦ ਨੂੰ ਵਧਾਦੀਆਂ ਹਨ। ਇਸ ਪ੍ਰਕਾਰ ਦੇ ਸਾਹਿਤ ਵਿੱਚ ਦਿਸਦੇ ਜਗਤ ਨੂੰ ਸੱਚ ਮੰਨਣ ਦੀ ਰੂਚੀ ਪ੍ਰਧਾਨ ਹੈ।



Scanned with CamScanner

ਜੰਮੂ ਕਸ਼ਮੀਰ ਵਿੱਚ ਇਸ ਪ੍ਰਵਿਰਤੀ ਅਧੀਨ ਰਚੀ ਕਵਿਤਾ ਸਮਾਰਾਜ ਦਾ ਵਿਰੋਧ ਕਰਦੀ ਹੈ, ਕ੍ਰਾਂਤੀ ਵਿਚ ਵਿਸ਼ਵਾਸ ਰੱਖਦੀ ਹੈ, ਦਿਸਦੇ ਜਗਤ ਦੇ ਮਹੱਤਵ ਨੂੰ ਉਜਾਗਰ ਕਰਦੀ ਹੈ, ਸਰਮਾਏਦਾਰੀ ਦਾ ਵਿਰੋਧ ਕਰਦੀ ਹੈ। ਇਸ ਕਵਿਤਾ ਵਿੱਚ ਬੋਧਿਕਤਾ ਦਾ ਅੰਸ਼ ਭਾਰੀ ਹੁੰਦਾ ਹੈ ਅਤੇ ਇਹ ਆਸ਼ਾਵਾਦੀ ਵੀ ਹੈ। ਇਸ ਅੰਦਰ ਰਾਸ਼ਟਰੀ ਅਤੇ ਅੰਤਰਾਸ਼ਟਰੀ ਭਾਵਨਾ ਦਾ ਸੰਚਾਰ ਵੀ ਹੁੰਦਾ ਹੈ। ਪ੍ਰਗਤੀਵਾਦੀ ਕਵੀ ਸਮਾਜ ਦੀਆਂ ਪੁਰਾਤਨ ਤੇ ਬੋਦੀਆਂ ਖੰਡਨਕਾਰੀ ਸ਼ਕਤੀਆਂ ਦਾ ਦੁਸ਼ਮਨ ਅਤੇ ਉਭਰ ਰਹੀਆਂ ਸ਼ਸਕਤ ਜੀਵਨ ਤਾਕਤਾਂ ਦਾ ਪੱਕਾ ਹਾਮੀ ਹੁੰਦਾ ਹੈ ਕਿਉਂਕਿ ਉਸ ਦੀ ਵੱਡੀ ਲਾਲਸਾ ਹੁੰਦੀ ਹੈ ਸਮਾਜ ਨੂੰ ਪ੍ਰਗਤੀ ਪੰਧ ਤੋਂ ਤੁਰਦਿਆਂ ਵੇਖਣ ਦੀ। ਉਹ ਇਸ ਪੰਧ ਤੇ ਤੁਰਦੇ ਪਾਂਧੀਆਂ ਨੂੰ ਵੇਖ ਵਿਗਾਸਦਾ ਹੈ ਤੇ ਉਹਨਾਂ ਦਾ ਸਵਾਗਤ ਕਰਦਾ ਹੈ।

ਲਉ ਮੈਂ ਖੰਮ ਲਿਆਸ ਉਸ ਲਈ ਸੱਜਣਾ,  
ਜੋ ਮੇਰੇ ਅਰਮਾਨਾ ਦੇ ਦੇਸ਼ ਵਿੱਚ, ਸਮਾਜਵਾਦ ਦੀ ਕੁਰਸੀ ਉਸਾਰੀ।

(ਸਰਨ ਸਿੰਘ)

ਵਿਸ਼ਵਾਸ ਮਰਦਾ ਨਹੀਂ ਤੇ ਨਾ ਸੱਚ ਹਾਰਦਾ।  
ਕਿੰਨੇ ਤਸੀਹੇ ਦਿਉਂਗੇ ਤੇ ਜੇਹਲਾ ਭਰਦੇ ਜਾਉਗੇ।

(ਮਾਨ ਭਾਰਗਣ)

(ਅ) **ਪ੍ਰਯੋਗਵਾਦੀ/ਪ੍ਰਯੋਗਸ਼ੀਲ ਕਵਿਤਾ** – ਪੰਜਾਬੀ ਵਿੱਚ ਸੱਤਵੇਂ ਦਹਾਕੇ ਵਿੱਚ ਇਸ ਪ੍ਰਕਾਰ ਦੀ ਕਵਿਤਾ ਰਚੀ ਜਾਂਦੀ ਰਹੀ ਹੈ। ਵਿਸ਼ਵ ਕਾਵਿ ਦੇ ਪ੍ਰਸੰਗ ਵਿੱਚ ਇਸ ਪ੍ਰਕਾਰ ਦੀ ਕਵਿਤਾ ਆਧੁਨਿਕਤਾਵਾਦੀ ਵਿਚਾਰਾਂ ਵਾਲੀ ਕਵਿਤਾ ਦੇ ਤੌਰ ਤੇ ਸਮਝੀ ਤੇ ਜਾਣੀ ਜਾਂਦੀ ਸੀ। ਪੰਜਾਬੀ ਵਿੱਚ ਪ੍ਰਗਤੀਵਾਦੀ ਸਾਹਿਤ ਦੇ ਆਰੰਭ ਹੋਣ ਨਾਲ ਹੀ ਪੰਜਾਬੀ ਕਵਿਤਾ ਵਿੱਚ ਵਧੇਰੇ ਆਧੁਨਿਕ ਹੁੰਦੀ ਚਲੀ ਗਈ। ਪੰਜਾਬੀਅਤ ਦੀ ਚੇਤਨਾ ਦੇ ਨਾਲ-ਨਾਲ ਭਾਰਤੀਅਤਾ ਦੀ ਭਾਵਨਾ ਅਤੇ ਵਰਗ ਸੰਘਰਸ਼ ਦੀ ਭਾਵਨਾ ਇਸ ਵਿੱਚ ਆਉਣ ਲਗ ਪਈ ਸੀ। ਇਸਦੇ ਵਿਰੋਧ ਵਿੱਚ ਪ੍ਰਯੋਗਵਾਦੀ ਕਾਵਿ ਧਾਰਾ ਦਾ ਜਨਮ ਹੁੰਦਾ ਹੈ ਜਿਸਨੂੰ ਪ੍ਰਯੋਗਸ਼ੀਲ ਕਾਵਿ ਵੀ ਆਖਿਆ ਜਾਂਦਾ ਹੈ।

ਪ੍ਰਯੋਗਸ਼ੀਲ ਜਾਂ ਪ੍ਰਯੋਗਵਾਦੀ ਕਵੀਆਂ ਦਾ ਕਹਿਣਾ ਹੈ ਕਿ ਉਹ ਪ੍ਰਗਤੀਵਾਦੀ ਕਾਵਿਧਾਰਾ ਦੀ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਆਜ਼ਾਦ ਹੋ ਕੇ ਯਥਾਰਥਵਾਦੀ ਸਿਰਜਨ ਵਿਧੀ ਨੂੰ ਅਪਣਾ ਰਹੇ ਹਨ ਪਰ ਅਸਲ 'ਚ ਐਸਾ ਨਹੀਂ ਹੋਇਆ। ਅਸਲ ਵਿਚ ਉਹ ਆਧੁਨਿਕਤਾਵਾਦ ਦੇ ਹੀ ਸ਼ਿਕਾਰ ਹੋ ਕੇ ਰਹਿ ਗਏ ਹਨ।

ਭਾਵੇਂ ਇਸ ਪ੍ਰਕਾਰ ਦੀ ਕਵਿਤਾ ਨਾ ਸ੍ਰੋਤਾਂ ਮੁੱਖ ਹੈ ਅਤੇ ਨਾ ਪਾਠਕ ਮੁੱਖ ਪਰ ਫਿਰ ਵੀ ਪੰਜਾਬੀ ਕਵਿਤਾ ਦੇ ਵਿਕਾਸ ਪੜਾਅ ਵਿੱਚ ਇਸਦੇ ਪ੍ਰਭਾਵ ਤੋਂ ਇਨਕਾਰ ਸੰਭਵ ਨਹੀਂ। ਜੰਮੂ ਕਸ਼ਮੀਰ ਦੇ ਕੁਝ ਕੁ ਪੰਜਾਬੀ ਕਵੀਆਂ ਨੇ ਇਸ ਪ੍ਰਕਾਰ ਦੀ ਕਵਿਤਾ ਕੀਤੀ ਹੈ, ਪੰਜਾਬ ਦੇ ਮਾਡਲ ਨੂੰ ਮੁੱਖ ਰੱਖ ਕੇ।



Scanned with CamScanner

ਇਸ ਤੋਂ ਇਲਾਵਾ ਸਾਡੇ ਕਵੀਆਂ ਨੇ ਪੰਜਾਬੀ ਕਵਿਤਾ ਦੀ ਗੋਸ਼ੇ ਸਿਨਿਸਿਜ਼ਮ ਦੀ ਪ੍ਰਵਿਰਤੀ ਮਨੋਵਿਗਿਆਨ ਪ੍ਰਵਿਰਤੀ, ਇਕਲਾਪੇ ਦੀ ਭਾਵਨਾ, ਅਸਤਿਤਵਾਦੀ ਪ੍ਰਵਿਰਤੀ ਨੂੰ ਮੁੱਖ ਰੱਖ ਕੇ ਕਾਵਿ ਰਚਨਾ ਕੀਤੀ ਗਈ ਹੈ।

ਗਰਭ ਦਾ ਡਰਾਉਣਾ ਸਫ਼ਰ
ਅੱਖਾਂ ਬੰਦ ਕਰਕੇ ਹੀ ਤੁਰਿਆ ਜਾਂਦਾ ਹੈ –

(ਜੋਗਿੰਦਰ ਸਿੰਘ ਪਾਂਧੀ)

ਚਿੰਤਨ ............।
ਮਨ ਭੀਤਰਿ ਦ੍ਰਿਸ਼ਟੀ ਦੇ ਅੰਗ ਸੰਗ
ਬਲਕ ਤੋਂ ਤਰਕਾਲਾ ਤੀਕ
ਕੋਈ ਮੌਸਮ ਰਾਸ ਨਾ ਆਇਆ –

(ਕੀਰਤ ਸਿੰਘ ਇਨਕਲਾਬੀ)

ਪਛਾਣ ਗਵਾਂਚੀ ਜਿਸ ਵਿਚ ਮੇਰੀ, ਉਹ ਜੰਗਲ ਹੀ ਬੇਨਾਵਾਂ ਹੈ

ਹੁਣ ਇਸ ਵਿਚ ਕੋਈ ਰੁੱਖ ਨਹੀਂ ਉਗਦਾ, ਬਸ, ਰੁੱਖਾਂ ਦਾ ਪਰਛਾਵਾਂ ਹੈ।

(ਸੁਰਿੰਦਰ ਸਿੰਘ ਸੀਰਭ)

ਸੋ ਅੰਤ ਵਿਚ ਆਪਾ ਇਹ ਕਹਿ ਸਕਦੇ ਹਾਂ ਕਿ ਇਸ ਪ੍ਰਕਾਰ ਰਿਆਸਤ ਜੰਮੂ ਕਸ਼ਮੀਰ ਦੀ ਕਵਿਤਾ ਆਰੰਭ ਤੋਂ ਲੈ ਕੇ ਨਿਰੰਤਰ ਵਿਕਾਸ ਕਰਦੀ ਹੋਈ ਸਮੇਂ ਦੇ ਸਮਕਾਲੀ ਹੋਣ ਲਈ ਦਿਨ-ਬ-ਦਿਨ ਯਤਨਸ਼ੀਲ ਹੈ। 20ਵੀਂ ਸਦੀ ਦੇ ਆਰੰਭਕ ਦਹਾਲਿਆਂ ਤੋਂ ਲੈ ਕੇ ਅੱਜ ਤੱਕ ਰਿਆਸਤੀ ਕਾਵਿ ਨੇ ਬਹੁਤ ਸੰਘਰਸ਼ ਕੀਤਾ ਹੈ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਅੱਜ ਇਹ ਕਾਵਿ ਜਗਤ ਕਾਫੀ ਉੱਚੀਆਂ ਸ਼ਿਖਰਾਂ ਉੱਤੇ ਪੁਜ ਚੁਕਿਆ ਹੈ ਤੇ ਅੱਗੇ ਵੀ ਯਤਨਸ਼ੀਲ ਹੀ ਰਹੇਗਾ।

oooo



Scanned with CamScanner